# ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ

# The Infants Act, Mature Minor Consent and Immunization

## ਦ ਇੰਨਫੈਂਟਸ ਐਕਟ ਕੀ ਹੈ?

ਦ ਇੰਨਫੈਂਟਸ ਐਕਟ (the Infants Act) 19 ਸਾਲਾਂ ਤੋਂ ਘੱਟ ਉਮਰ ਦੇ ਬੱਚਿਆਂ ਦੀ ਕਾਨੂੰਨੀ ਹੈਸੀਅਤ ਬਾਰੇ ਦੱਸਦਾ ਹੈ।

ਦ ਇੰਨਫੈਂਟਸ ਐਕਟ ਵਿੱਚ ਸ਼ਾਮਲ ਕੀਤੇ ਗਏ ਵਿਸ਼ਿਆਂ ਵਿੱਚੋਂ ਇੱਕ ਬੱਚਿਆਂ ਦੀ ਸਿਹਤ ਸੰਭਾਲ ਹੈ। ਦ ਇੰਨਫੈਂਟਸ ਐਕਟ ਕਹਿੰਦਾ ਹੈ ਕਿ ਬੱਚੇ ਉਸ ਵੇਲੇ ਤੱਕ ਮੈਡੀਕਲ ਇਲਾਜ ਲਈ ਆਪਣੇ ਆਪ ਸਹਿਮਤੀ ਦੇ ਸਕਦੇ ਹਨ ਜਦੋਂ ਤੱਕ ਕਿ ਸਿਹਤ ਸੰਭਾਲ ਪ੍ਰਦਾਤਾ ਨੂੰ ਯਕੀਨ ਹੈ ਕਿ ਇਲਾਜ ਬੱਚੇ ਦੇ ਉੱਤਮ ਹਿੱਤ ਵਿੱਚ ਹੈ ਅਤੇ ਇਹ ਕਿ ਬੱਚਾ, ਜੋਖਮਾਂ ਅਤੇ ਲਾਭਾਂ ਸਮੇਤ, ਇਲਾਜ ਦੀਆਂ ਤਫਸੀਲਾਂ ਨੂੰ ਸਮਝਦਾ ਹੈ। ਬੱਚੇ ਦੀ ਇਲਾਜ ਸੰਬੰਧੀ ਸਮਝ ਦਾ ਮੁਲਾਂਕਣ ਅਤੇ ਉਸ ਨੂੰ ਯਕੀਨੀ ਬਣਾਉਣਾ ਸਿਹਤ ਸੰਭਾਲ ਪ੍ਰਦਾਤਾ ਦੀ ਜ਼ਿੰਮੇਵਾਰੀ ਹੈ।

ਦ ਇੰਨਫੈਂਟਸ ਐਕਟ ਬਾਰੇ ਹੋਰ ਜਾਣਕਾਰੀ ਲਈ, www.bclaws.gov.bc.ca/civix/document/id/complete/statreg/96223_01 ਤੇ ਜਾਓ।

## "ਸਿਆਣੇ ਨਾਬਾਲਗਾਂ ਦੀ ਸਹਿਮਤੀ" ਕੀ ਹੈ?

19 ਸਾਲਾਂ ਤੋਂ ਘੱਟ ਉਮਰ ਦੇ ਬੱਚੇ ਨੂੰ "ਮਾਈਨਰ" (minor) ਕਿਹਾ ਜਾਂਦਾ ਹੈ। "ਸਿਆਣੇ ਨਾਬਾਲਗਾਂ ਦੀ ਸਹਿਮਤੀ" (Mature minor consent) ਸਿਹਤ ਸੰਭਾਲ ਲਈ ਦਿੱਤੀ ਗਈ ਉਸ ਸਹਿਮਤੀ ਨੂੰ ਕਹਿੰਦੇ ਹਨ ਜਿਹੜੀ ਉਸ ਬੱਚੇ ਦੁਆਰਾ ਦਿੱਤੀ ਜਾਂਦੀ ਹੈ ਜਿਸਦਾ ਮੁਲਾਂਕਣ ਸਿਹਤ ਸੰਭਾਲ ਪ੍ਰਦਾਤਾ ਦੁਆਰਾ ਸਹਿਮਤੀ ਦੇਣ ਲਈ ਜ਼ਰੂਰੀ ਸਮਝ ਹੋਣ ਦੇ ਕਾਬਲ ਬੱਚੇ ਦੀ ਤਰ੍ਹਾਂ ਕੀਤਾ ਗਿਆ ਹੈ। ਸਿਹਤ ਸੰਭਾਲ ਪ੍ਰਦਾਤਾ ਦੁਆਰਾ ਸਹਿਮਤੀ ਦੇਣ ਦੇ ਕਾਬਲ ਮੁਲਾਂਕਣ ਕੀਤੇ ਗਏ ਬੱਚੇ ਨੂੰ "ਸਿਆਣਾ ਨਾਬਾਲਗ" ਕਿਹਾ ਜਾਂਦਾ ਹੈ।

ਉਹ ਬੱਚਾ ਜਿਹੜਾ ਸਿਆਣਾ ਨਾਬਾਲਗ ਹੈ ਆਪਣੇ ਮਾਪਿਆਂ ਜਾਂ ਸਰਪ੍ਰਸਤਾਂ ਦੀਆਂ ਇੱਛਾਵਾਂ ਤੋਂ ਸੁਤੰਤਰ ਆਪਣੇ ਸਿਹਤ ਸੰਭਾਲ ਫੈਸਲੇ ਆਪ ਕਰ ਸਕਦਾ ਹੈ। ਬੀ.ਸੀ. ਵਿੱਚ ਕੋਈ ਤੈਅ ਉਮਰ ਨਹੀਂ ਹੈ ਜਦੋਂ ਇੱਕ ਬੱਚੇ ਨੂੰ ਸਹਿਮਤੀ ਦੇਣ ਲਈ ਕਾਬਲ ਮੰਨਿਆ ਜਾਂਦਾ ਹੈ।

ਇੱਕ ਸਿਹਤ ਸੰਭਾਲ ਪ੍ਰਦਾਤਾ ਮਾਤਾ-ਪਿਤਾ ਜਾਂ ਸਰਪ੍ਰਸਤ ਕੋਲੋਂ ਸਹਿਮਤੀ ਪ੍ਰਾਪਤ ਕੀਤੇ ਬਿਨਾਂ ਬੱਚੇ ਕੋਲੋਂ ਸਹਿਮਤੀ ਸਵੀਕਾਰ ਕਰ ਸਕਦਾ ਹੈ ਅਤੇ ਉਹ ਇਲਾਜ ਮੁਹੱਈਆ ਕਰ ਸਕਦਾ ਹੈ ਜਿਹੜਾ ਬੱਚੇ ਦੇ ਸਰਬੋਤਮ ਹਿੱਤਾਂ ਵਿੱਚ ਹੈ ਜੇ ਸਿਹਤ ਸੰਭਾਲ ਪ੍ਰਦਾਤਾ ਨੂੰ ਯਕੀਨ ਹੈ ਕਿ ਬੱਚਾ:

- ਇਲਾਜ ਵਾਸਤੇ ਲੋੜ ਨੂੰ ਸਮਝਦਾ ਹੈ
- ਸਮਝਦਾ ਹੈ ਕਿ ਇਲਾਜ ਵਿੱਚ ਕੀ ਸ਼ਾਮਲ ਹੈ ਅਤੇ
- ਇਲਾਜ ਕਰਵਾਉਣ ਦੇ ਲਾਭਾਂ ਅਤੇ ਜੋਖਮਾਂ ਨੂੰ ਸਮਝਦਾ ਹੈ

## "ਸਿਆਣੇ ਨਾਬਾਲਗਾਂ ਦੀ ਸਹਿਮਤੀ" ਇਮਿਊਨਾਈਜ਼ੇਸ਼ਨ ਦੇ ਨਾਲ ਕਿਵੇਂ ਸੰਬੰਧਤ ਹੈ?

ਬੀ.ਸੀ. ਵਿੱਚ, ਸਕੂਲ ਜਾਣ ਦੀ ਉਮਰ ਦੇ ਬੱਚਿਆਂ ਲਈ ਇਮਿਊਨਾਈਜ਼ੇਸ਼ਨਾਂ ਗਰੇਡ 6 ਅਤੇ ਗਰੇਡ 9 ਵਿੱਚ ਦਿੱਤੀਆਂ ਜਾਂਦੀਆਂ ਹਨ (ਅਤੇ ਦੂਸਰੇ ਗ੍ਰੇਡਾਂ ਵਿੱਚ ਜੇ ਬੱਚੇ ਟੀਕਾਕਰਣ ਵਿੱਚ ਪਿੱਛੇ ਹਨ ਜਾਂ ਉਨ੍ਹਾਂ ਨੂੰ ਵੈਕਸੀਨ ਦੁਆਰਾ ਰੋਕੀਆਂ ਜਾਣ ਵਾਲੀਆਂ ਕੁਝ ਬਿਮਾਰੀਆਂ ਦਾ ਜੋਖਮ ਹੈ)। ਜ਼ਿਆਦਾਤਰ ਸਮੇਂ, ਵੈਕਸੀਨਾਂ ਸਕੂਲਾਂ ਵਿੱਚ ਅਯੋਜਿਤ ਇਮਿਊਨਾਈਜ਼ੇਸ਼ਨ ਕਲੀਨਿਕਾਂ ਵਿੱਚ ਨਰਸਾਂ ਦੁਆਰਾ ਦਿੱਤੀਆਂ ਜਾਂਦੀਆਂ ਹਨ। ਬੱਚੇ ਹੈਲਥ ਕਲੀਨਿਕਾਂ, ਯੂਥ ਕਲੀਨਿਕਾਂ, ਡਾਕਟਰ ਦੇ ਆਫਿਸ ਜਾਂ ਫਾਰਮੇਸੀ ਵਿੱਚ ਵੀ ਵੈਕਸੀਨਾਂ ਪ੍ਰਾਪਤ ਕਰ ਸਕਦੇ ਹਨ। ਇੰਨਾਂ ਸਾਰੀਆਂ ਥਾਵਾਂ ਵਿੱਚ, ਇੱਕ ਬੱਚਾ ਆਪਣੇ ਆਪ ਲਈ ਵੈਕਸੀਨ ਲਈ ਸਹਿਮਤੀ ਦੇ ਸਕਦਾ ਹੈ, ਜੇ ਸਿਹਤ ਸੰਭਾਲ ਪ੍ਰਦਾਤਾ ਨੇ ਨਿਰਧਾਰਤ ਕੀਤਾ ਹੈ ਕਿ ਬੱਚਾ ਇਹ ਫੈਸਲਾ ਕਰਨ ਦੇ ਕਾਬਲ ਹੈ।

ਹਾਲਾਂਕਿ ਅਜਿਹੀ ਕੋਈ ਤੈਅ ਉਮਰ ਨਹੀਂ ਹੈ ਜਦੋਂ ਇੱਕ ਬੱਚਾ ਕਾਬਲ ਹੋ ਜਾਂਦਾ ਹੈ, ਆਮ ਅਮਲ ਇਹ ਹੈ ਕਿ

ਮਾਤਾ ਪਿਤਾ ਜਾਂ ਸਰਪ੍ਰਸਤ 12 ਸਾਲ ਅਤੇ ਉਸ ਤੋਂ ਘੱਟ ਉਮਰ ਦੇ ਬੱਚੇ ਦੇ ਟੀਕਾਕਰਣ ਲਈ ਸਹਿਮਤੀ ਦਿੰਦੇ ਹਨ। ਹਾਲਾਂਕਿ, ਅਜਿਹੀਆਂ ਸਥਿਤੀਆਂ ਹੋ ਸਕਦੀਆਂ ਹਨ ਜਿਨ੍ਹਾਂ ਵਿੱਚ ਇਸ ਉਮਰ ਦਾ ਬੱਚਾ ਆਪਣੀ ਸਹਿਮਤੀ ਪ੍ਰਦਾਨ ਕਰ ਸਕਦਾ ਹੈ। ਵੱਧ ਉਮਰ ਦੇ ਬੱਚਿਆਂ ਨੂੰ ਆਪਣੇ ਆਪ ਲਈ ਸਹਿਮਤੀ ਦੇਣ ਦਾ ਮੌਕਾ ਦਿੱਤਾ ਜਾਂਦਾ ਹੈ। ਜੇ ਬੱਚਾ ਅਜਿਹੀ ਵੈਕਸੀਨ ਲਈ ਮਨ੍ਹਾ ਵੀ ਕਰਦਾ ਹੈ ਜਿਸ ਵਾਸਤੇ ਉਨ੍ਹਾਂ ਦੇ ਮਾਤਾ ਪਿਤਾ ਜਾਂ ਸਰਪ੍ਰਸਤ ਨੇ ਸਹਿਮਤੀ ਦਿੱਤੀ ਹੈ, ਤਾਂ ਉਨ੍ਹਾਂ ਨੂੰ ਵੈਕਸੀਨ ਨਾ ਲਗਵਾਉਣ ਦੇ ਜੋਖਮਾਂ ਬਾਰੇ ਸੂਚਿਤ ਕਰਨਾ ਲਾਜ਼ਮੀ ਹੈ।

ਆਪਣੀ ਸਹਿਮਤੀ ਆਪ ਦੇਣ ਵਾਲੇ ਕਿਸੇ ਵੀ ਬੱਚੇ ਦੇ ਇਮਿਊਨਾਈਜ਼ੇਸ਼ਨ ਰਿਕਾਰਡ ਮਾਤਾ ਪਿਤਾ ਜਾਂ ਸਰਪ੍ਰਸਤ ਦੇ ਨਾਲ ਸਾਂਝੇ ਨਹੀਂ ਕੀਤੇ ਜਾਣਗੇ, ਜੱਦ ਤੱਕ ਕਿ ਬੱਚਾ ਇਜਾਜ਼ਤ ਨਹੀਂ ਦਿੰਦਾ।

## ਸਿਹਤ ਸੰਭਾਲ ਪ੍ਰਦਾਤਾ ਕਿਵੇਂ ਫੈਸਲਾ ਕਰਦਾ ਹੈ ਕਿ ਬੱਚਾ ਇਮਿਊਨਾਈਜ਼ੇਸ਼ਨਾਂ ਵਾਸਤੇ ਸਹਿਮਤੀ ਦੇਣ ਦੇ ਕਾਬਲ ਹੈ?

ਬੱਚੇ ਕੋਲੋਂ ਸਹਿਮਤੀ ਸਵੀਕਾਰ ਕਰਨ ਤੋਂ ਪਹਿਲਾਂ, ਸਿਹਤ ਸੰਭਾਲ ਪ੍ਰਦਾਤਾ ਲਈ ਬੱਚੇ ਨੂੰ ਵੈਕਸੀਨ ਬਾਰੇ ਜਾਣਕਾਰੀ ਦੇਣਾ ਜ਼ਰੂਰੀ ਹੈ। ਸਿਹਤ ਸੰਭਾਲ ਪ੍ਰਦਾਤਾ ਹੈਲਥਲਿੰਕ ਬੀਸੀ ਫਾਇਲ ਵਰਗਾ ਸੂਬਾਈ ਸਾਧਨ ਵਰਤ ਕੇ ਬੱਚੇ ਦੇ ਨਾਲ ਹੇਠਾਂ ਲਿੱਖੀ ਜਾਣਕਾਰੀ ਦੀ ਸਮੀਖਿਆ ਕਰੇਗਾ:

- ਉਨ੍ਹਾਂ ਦੀ ਕਿਹੜੀ ਵੈਕਸੀਨ ਲੈਣ ਦਾ ਸਮਾਂ ਹੈ
- ਟੀਕਾਕਰਣ ਕਰਵਾਉਣ ਦੇ ਲਾਭ
- ਟੀਕਾਕਰਣ ਨਾ ਕਰਵਾਉਣ ਦਾ ਜੋਖਮ
- ਆਮ ਅਤੇ ਉਮੀਦ ਕੀਤੇ ਬੁਰੇ ਪ੍ਰਭਾਵ
- ਵਿਰਲੇ ਗੰਭੀਰ ਬੁਰੇ ਪ੍ਰਭਾਵ
- ਵੈਕਸੀਨ ਪ੍ਰਾਪਤ ਨਾ ਕਰਨ ਦੇ ਮੈਡੀਕਲ ਕਾਰਨ

ਸਿਹਤ ਸੰਭਾਲ ਪ੍ਰਦਾਤਾ ਬੱਚੇ ਨੂੰ ਜਾਣਕਾਰੀ ਪੜ੍ਹਨ ਲਈ ਸਮਾਂ ਦੇਵੇਗਾ ਅਤੇ ਪ੍ਰਸ਼ਨ ਪੁੱਛਣ ਦੀ ਇਜਾਜ਼ਤ ਦੇਵੇਗਾ। ਫਿਰ ਬੱਚੇ ਨੂੰ ਇਹ ਯਕੀਨੀ ਬਣਾਉਣ ਲਈ ਕੁਝ ਪ੍ਰਸ਼ਨ ਪੁੱਛੇ ਜਾਣਗੇ ਕਿ ਉਹ ਜਾਣਕਾਰੀ ਨੂੰ ਸਮਝਦੇ ਹਨ ਅਤੇ ਫੈਸਲਾ ਕਰਨ ਲਈ ਤਿਆਰ ਹਨ। ਜੇ ਸਿਹਤ ਸੰਭਾਲ ਪ੍ਰਦਾਤਾ ਨੂੰ ਇਹ ਯਕੀਨ ਨਹੀਂ ਹੈ ਕਿ ਬੱਚਾ ਸਮਝਦਾ ਹੈ, ਜਾਂ ਬੱਚਾ ਫੈਸਲਾ ਕਰਨ ਲਈ ਤਿਆਰ ਨਹੀਂ ਹੈ, ਤਾਂ ਬੱਚੇ ਦਾ ਟੀਕਾਕਰਣ ਨਹੀਂ ਕੀਤਾ ਜਾਏਗਾ।

## ਕੀ ਇੱਕ ਮਾਤਾ-ਪਿਤਾ ਜਾਂ ਸਰਪ੍ਰਸਤ ਗਰੇਡ 9 ਵਿਚਲੇ ਬੱਚੇ ਵਾਸਤੇ ਸਹਿਮਤੀ ਦੇ ਸਕਦੇ ਹਨ?

ਸਹਿਮਤੀ ਫਾਰਮਾਂ ਅਤੇ ਸਕੂਲ ਵਿੱਚ ਦਿੱਤੀਆਂ ਜਾਣ ਵਾਲੀਆਂ ਇਮਿਊਨਾਈਜ਼ੇਸ਼ਨਾਂ ਸੰਬੰਧੀ ਜਾਣਕਾਰੀ ਜਿਵੇਂ ਕਿ ਇਮਿਊਨਾਈਜ਼ੇਸ਼ਨਾਂ ਲਈ ਹੈਲਥਲਿੰਕਬੀਸੀ ਫਾਇਲਾਂ ਨੂੰ ਘਰ ਭੇਜਿਆ ਜਾਏਗਾ। ਮਾਤਾ-ਪਿਤਾ ਜਾਂ ਸਰਪ੍ਰਸਤਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਜਾਣਕਾਰੀ ਦੀ ਸਮੀਖਿਆ ਕਰਨ, ਉਸ ਬਾਰੇ ਚਰਚਾ ਕਰਨ ਅਤੇ ਇਮਿਊਨਾਈਜ਼ੇਸ਼ਨ ਬਾਰੇ ਇਕੱਠੇ ਮਿਲਕੇ ਫੈਸਲਾ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸ ਨੂੰ ਕਿਸ਼ੋਰਾਂ ਲਈ ਉਨ੍ਹਾਂ ਦੀ ਆਪਣੀ ਸਿਹਤ ਬਾਰੇ ਫੈਸਲੇ ਕਰਨਾ ਸ਼ੁਰੂ ਕਰਨ ਵਾਸਤੇ ਮੌਕੇ ਦੀ ਤਰ੍ਹਾਂ ਵਰਤਿਆ ਜਾ ਸਕਦਾ ਹੈ। ਗਰੇਡ 9 ਵਿਚਲੇ ਅਤੇ ਉਸ ਤੋਂ ਵੱਧ ਉਮਰ ਦੇ ਬੱਚਿਆਂ ਨੂੰ ਟੀਕਾਕਰਣ ਕਰਨ ਲਈ ਆਪਣਾ ਫੈਸਲਾ ਆਪ ਕਰਨ ਦਾ ਮੌਕਾ ਮਿਲੇਗਾ ਕਿ ਕੀ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਸਹਿਮਤੀ ਫਾਰਮ ਤੇ ਮਾਤਾ-ਪਿਤਾ ਜਾਂ ਸਰਪ੍ਰਸਤ ਦੁਆਰਾ ਹਸਤਾਖਰ ਕੀਤਾ ਜਾਏ ਜਾਂ ਨਹੀਂ।

BRITISH COLUMBIA ImmunizeBC BC Centre for Disease Control Provincial Health Services Authority